# ਜੀਵੀਏ ਗੁਰਬਾਣੀ ਨਾਲ

## ਸੁਲੇਖ ਮਾਲਾ (ਭਾਗ ਚੌਥਾ)

ਚੰਦੁ ਸੂਰਜੁ ਦੁਇ ਦੀਪਕ ਰਾਖੇ
ਸਸਿ ਘਰਿ ਸੂਰੁ ਸਮਾਇਦਾ॥



Sri Guru Nanak Dev Ji, through his spiritual wisdom, revealed many secrets of nature as early as the 15th century. Explaining the source of moon's light, he told that moon has no light of its own but it shines with the light of sun.

© ATAM PARGAS SOCIAL WELFARE COUNCIL

ਡਾ. ਵਰਿੰਦਰਪਾਲ ਸਿੰਘ

ATAM PARGAS
ਆਤਮ ਪਰਗਾਸ ਪ੍ਰੋਡਕਸ਼ਨਸ

# ਲਿਖਾਰੀ ਦੀ ਕਲਮ ਤੋਂ

**ਪਿਆਰੇ ਬੱਚਿਓ!**



ਤੁਸੀਂ ਸੱਚਮੁੱਚ ਰੱਬ ਦਾ ਰੂਪ ਹੋ। ਤੁਹਾਡੀ ਕੋਮਲਤਾ, ਨਿਰਵੈਰਤਾ, ਭੋਲਾਪਣ ਅਤੇ ਬੋਲਾਂ ਦੀ ਮਿਠਾਸ ਕਠੋਰ ਹਿਰਦਿਆਂ ਅੰਦਰ ਵੀ ਪਿਆਰ ਦੇ ਚਸ਼ਮੇ ਨੂੰ ਜਨਮ ਦੇ ਦਿੰਦੀ ਹੈ। ਤੁਹਾਡੀਆਂ ਚੰਚਲ ਹਰਕਤਾਂ ਭਾਵੇਂ ਕਈ ਵਾਰ ਮਾਪਿਆਂ ਨੂੰ ਪਰੇਸ਼ਾਨ ਵੀ ਕਰਦੀਆਂ ਹਨ ਪਰ ਫਿਰ ਵੀ ਉਨ੍ਹਾਂ ਦੇ ਪਿਆਰ ਵਿੱਚ ਕਮੀ ਨਹੀਂ ਆਉਂਦੀ। ਤੁਸੀਂ ਹਰ ਪਰਿਵਾਰ ਦਾ ਸ਼ਿੰਗਾਰ ਹੋ, ਹਰ ਪਰਿਵਾਰ ਦੀ ਜਾਨ ਹੋ। ਵਾਹਿਗੁਰੂ ਜੀ ਨੇ ਤੁਹਾਨੂੰ ਐਨਾ ਸੁੰਦਰ ਬਣਾਇਆ ਹੈ ਕਿ ਸਾਰੇ ਤੁਹਾਨੂੰ ਲਾਡ ਪਿਆਰ ਕਰਦਿਆਂ ਰੱਜਦੇ ਨਹੀਂ ਅਤੇ ਤੁਹਾਡੀ ਹਰ ਲੋੜ ਪੂਰੀ ਕਰਨ ਦਾ ਯਤਨ ਕਰਦੇ ਹਨ।

ਪਿਆਰੇ ਬੱਚਿਓ! ਜੇ ਅਸੀਂ, ਸਾਨੂੰ ਸੁੰਦਰ ਬਣਾਉਣ ਵਾਲੇ ਅਤਿ ਸੁੰਦਰ ਵਾਹਿਗੁਰੂ ਜੀ ਨੂੰ, ਪੱਕਾ ਦੋਸਤ ਬਣਾ ਕੇ ਹਰ ਕੰਮ ਨੂੰ ਵਾਹਿਗੁਰੂ ਜੀ ਦੀ ਭੈ-ਭਾਵਨੀ ਵਿੱਚ ਪੂਰੀ ਮਿਹਨਤ ਨਾਲ ਕਰਨ ਉਪਰੰਤ ਫ਼ੈਸਲਾ ਵਾਹਿਗੁਰੂ ਜੀ ਤੇ ਛੱਡਣ ਦਾ ਸੁਭਾਓ ਬਣਾ ਲਈਏ ਤਾਂ ਉਹ ਸਾਨੂੰ ਹੋਰ ਸੁੰਦਰ ਬਣਾ ਦੇਣਗੇ। ਸਵੇਰੇ ਉੱਠਦਿਆਂ ਸਾਰ ਵਾਹਿਗੁਰੂ ਜੀ ਨੂੰ ਯਾਦ ਕਰਨ ਉਪਰੰਤ, ਇਸ਼ਨਾਨ ਕਰਦਿਆਂ, ਤਿਆਰ ਹੁੰਦਿਆਂ, ਪ੍ਰਸ਼ਾਦਾ ਛਕਦਿਆਂ, ਸਕੂਲ ਜਾਂਦਿਆਂ, ਪੜ੍ਹਦਿਆਂ, ਖੇਡਦਿਆਂ, ਹੋਰ ਸਾਰੇ ਕੰਮ ਕਰਦਿਆਂ ਤੇ ਫੇਰ ਰਾਤ ਨੂੰ ਸੌਣ ਲੱਗਿਆਂ ਜਦੋਂ ਅਸੀਂ ਆਪਣੇ ਮਿੱਤਰ ਵਾਹਿਗੁਰੂ ਜੀ ਨੂੰ ਨਾਲ ਜਾਣਾਂਗੇ ਤਾਂ ਉਹ ਸੱਚਮੁੱਚ ਸਾਡੇ ਸਾਰੇ ਕੰਮਾਂ ਵਿੱਚ ਆਪ ਸਹਾਈ ਹੋਣਗੇ। ਸਾਡੇ ਜੀਵਨ ਨੂੰ ਵਧੇਰੇ ਸੁੰਦਰ ਤੋਂ ਸੁੰਦਰ ਗੁਣਾਂ ਨਾਲ ਸ਼ਿੰਗਾਰ ਦੇਣਗੇ ਅਤੇ ਸਾਰੀ ਲੁਕਾਈ ਸਾਨੂੰ ਪਿਆਰ ਕਰੇਗੀ।

ਪਿਆਰੇ ਬੱਚਿਓ! ਤੁਹਾਨੂੰ ਉੱਚੀ-ਸੁੱਚੀ ਜੀਵਨ ਜਾਚ ਦ੍ਰਿੜ੍ਹ ਕਰਵਾਉਣ ਲਈ ਸਾਲ 2010 ਵਿੱਚ **'ਜੀਵੀਏ ਗੁਰਬਾਣੀ ਨਾਲ-ਸੁਲੇਖ ਮਾਲਾ'**, **'ਜੀਵੀਏ ਗੁਰਬਾਣੀ ਨਾਲ-ਰੰਗ ਮਾਲਾ'** ਅਤੇ **'ਜੀਵੀਏ ਗੁਰਬਾਣੀ ਨਾਲ-ਚਿੱਤਰ-ਮਾਲਾ'** ਪੁਸਤਕਾਂ ਚਾਰ ਭਾਗਾਂ ਵਿੱਚ ਪ੍ਰਕਾਸ਼ਿਤ ਕਰਕੇ ਤੁਹਾਡੀ ਸੇਵਾ ਵਿੱਚ ਭੇਟ ਕੀਤੀਆਂ ਸਨ। ਸੈਂਕੜੇ ਵਿੱਦਿਅਕ ਅਦਾਰਿਆਂ ਵੱਲੋਂ ਇਨ੍ਹਾਂ ਪੁਸਤਕਾਂ ਦੀ ਸਕੂਲ ਸਿਲੇਬਸ ਵਿੱਚ ਸ਼ਮੂਲੀਅਤ ਅਤੇ ਛੋਟੇ ਬੱਚਿਆਂ ਲਈ ਨਵੀਆਂ ਪੁਸਤਕਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਬਾਲ ਪਾਠਕਾਂ ਲਈ **ਗੁਰਮੁਖੀ ਅੱਖਰ ਕਾਰਡ** (ਦੋ ਭਾਗ), **ਗੁਰਮੁਖੀ ਅੱਖਰ ਗਿਆਨ**, **ਗੁਰਮੁਖੀ ਅੱਖਰ ਅਭਿਆਸ**, **ਪੰਜਾਬੀ ਅਭਿਆਸ ਪੁਸਤਕ** (ਚਾਰ ਭਾਗ), **ਆਤਮ ਪਰਗਾਸ ਆਰਟ ਬੁੱਕ** (ਦੋ ਭਾਗ), **ਆਤਮ ਪਰਗਾਸ ਸਕਰੈਪ ਬੁੱਕ** (ਦੋ ਭਾਗ), **ਸਿੱਖ ਇਤਿਹਾਸ ਕਾਰਡ** (ਪੰਜਾਬੀ ਵਿੱਚ ਦੋ ਭਾਗ) ਅਤੇ **ਸਿੱਖ ਹਿਸਟਰੀ ਕਾਰਡ** (ਅੰਗਰੇਜੀ ਵਿੱਚ ਦੋ ਭਾਗ) ਸਿਰਲੇਖ ਹੇਠ ਹੋਰ ਨਵੀਆਂ ਪੁਸਤਕਾਂ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਹਾਸਲ ਕਰ ਰਹੇ ਹਾਂ।

ਪਿਆਰੇ ਬੱਚਿਓ! ਆਤਮ ਪਰਗਾਸ ਪੁਸਤਕ ਸੀਰੀਜ਼ ਦਾ ਅਧਿਐਨ ਕਰਦਿਆਂ-ਕਰਦਿਆਂ ਜਿੱਥੇ ਤੁਸੀਂ ਦੁਨਿਆਵੀ ਗਿਆਨ ਅਤੇ ਹੁਨਰ ਹਾਸਲ ਕਰੋਗੇ ਉੱਥੇ ਆਪਣੇ ਅਮੀਰ ਵਿਰਸੇ ਨਾਲ ਵੀ ਜੁੜੇ ਰਹੋਗੇ। ਉੱਚ ਵਿੱਦਿਆ ਹਾਸਲ ਕਰਕੇ ਸਚਿਆਰ ਮਨੁੱਖ ਵਜੋਂ ਜਿਊਣ ਦਾ ਅਭਿਆਸ ਕਰਦਿਆਂ ਜਦੋਂ ਆਪ ਜੀ ਦੇ ਨੰਨ੍ਹੇ-ਨੰਨ੍ਹੇ ਕਦਮ ਵੱਡੀਆਂ-ਵੱਡੀਆਂ ਮੰਜ਼ਲਾਂ ਫ਼ਤਿਹ ਕਰਨ ਲਈ ਤਿਆਰ ਹੋ ਜਾਣਗੇ ਤਾਂ ਗੁਰਬਾਣੀ ਨਾਲ ਬਿਤਾਇਆ ਆਪ ਜੀ ਦੇ ਬਚਪਨ ਦਾ ਹਰ ਪਲ ਆਪ ਜੀ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਗਾਵੇਗਾ। ਆਪ ਜੀ ਦਾ ਸਮੁੱਚਾ ਆਲਾ-ਦੁਆਲਾ ਆਪ ਜੀ ਦੇ ਉੱਚੇ-ਸੁੱਚੇ ਜੀਵਨ ਦੀ ਮਹਿਕ ਨਾਲ ਖਿੜ ਕੇ ਸੁਚੱਜੀ ਜੀਵਨ ਜਾਚ ਨੂੰ ਧਾਰਨ ਕਰਨ ਲਈ ਬੇਤਾਬ ਹੋ ਉੱਠੇਗਾ ਤੇ ਤੁਸੀਂ ਵੀ ਧੰਨ ਹੋ ਜਾਓਗੇ।

ਡਾ. ਹਰਿੰਦਰਪਾਲ ਸਿੰਘ

© ATAM PARGAS SOCIAL WELFARE COUNCIL

# ਜੀਵੀਏ ਗੁਰਬਾਣੀ ਨਾਲ

## ਸੁਲੇਖ ਮਾਲਾ (ਭਾਗ ਚੌਥਾ)

ਡਾ. ਵਰਿੰਦਰਪਾਲ ਸਿੰਘ

© ATAM PARGAS SOCIAL WELFARE COUNCIL

ATAM PARGAS

ਆਤਮ ਪਰਗਾਸ ਪ੍ਰੋਡਕਸ਼ਨਸ

ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ

**JEEVEEY GURBANI NAAL - SULEKH MALA (Part-IV)**

**Author :** Dr. Varinderpal Singh
E-mail : singhvp72@gmail.com

**Artist :** Rajinder Venus

**First Edition :** February, 2010
**Eleventh Edition :** December, 2019

**© All rights reserved**

ANY UNAUTHORIZED REPRODUCTION OR SALE OF THE BOOK IN WHOLE OR IN EXTRACT FORM IS PROHIBITED UNDER THE COPY RIGHT ACT, 1957. DISPUTES WILL BE SETTLED UNDER THE JURISDICTION OF COURTS IN LUDHIANA ONLY.

**ISBN : 978-81-943757-9-1 (Set ISBN : 978-81-943757-5-3)**

**THIS BOOK CONTAINS GURBANI. HANDLE WITH RESPECT.**

**ਇਹ ਪੁਸਤਕ ਗੁਰਬਾਣੀ ਅਧਾਰਤ ਹੈ। ਇਸਦੀ ਸੰਭਾਲ ਅਤੇ ਅਧਿਐਨ ਸਤਿਕਾਰ ਸਹਿਤ ਕਰੋ ਜੀ।**

THANK YOU FOR PURCHASING THIS BOOK. ATAM PARGAS TEAM IS COMMITTED TO ENLIGHTEN YOUNG SOULS WITH A VISION TO DEVELOP TRUTHFUL HUMAN BEINGS. THE PRICES OF OUR BOOKS ARE DESIGNED TO MEET EXPENDITURES AND ENABLE THE FULFILMENT OF PROJECTS UNDER THE AUSPICES OF ATAM PARGAS SOCIAL WELFARE COUNCIL.

**PUBLISHED BY :**

**ATAM PARGAS PRODUCTIONS**

**ATAM PARGAS SOCIAL WELFARE COUNCIL**

# 99, Preet Vihar, V.P.O. Daad, Pakhowal Road, Ludhiana-142 022

: atampargas@gmail.com

: +91 82880-10531 / 32 / 33

: www.atampargas.org

**Follow us :**

© ATAM PARGAS SOCIAL WELFARE COUNCIL

# ਸਮਰਪਣ

ਨੰਨ੍ਹੇ-ਨੰਨ੍ਹੇ ਬਾਲਾਂ

ਨੂੰ

ਜਿਹੜੇ ਗੁਰਬਾਣੀ ਅਨੁਸਾਰ ਜੀਵਨ ਜਿਊਣ

ਦਾ

ਅਭਿਆਸ ਕਰਦਿਆਂ-ਕਰਦਿਆਂ

ਧੰਨ ਹੋ ਜਾਣਗੇ

ਅਤੇ

ਆਪਣੇ ਆਲੇ-ਦੁਆਲੇ

ਨੂੰ

ਵੀ ਮਹਿਕਾਂ ਪ੍ਰਦਾਨ ਕਰਨਗੇ।

© ATAM PARGAS SOCIAL WELFARE COUNCIL

ਮੁੱਖ ਬੰਦ

# ਗੁਰਬਾਣੀ ਇਸੁ ਜਗ ਮਹਿ ਚਾਨਣੁ



ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਮਾਇਆ ਦੀ ਦੌੜ ਲੱਗੀ ਹੋਈ ਹੈ। ਕਾਦਰ ਦੀ ਕੁਦਰਤ ਦੇ ਵਿਨਾਸ਼ ਲਈ ਮਨੁੱਖ ਨੇ ਭਿਆਨਕ ਬੰਬ ਤਿਆਰ ਕਰ ਲਏ ਹਨ। ਭਰਾ-ਭਰਾ ਦਾ ਦੁਸ਼ਮਣ ਬਣ ਗਿਆ ਹੈ, ਭੈਣ-ਭਰਾ ਦੇ ਪਿਆਰ ਵਿੱਚ ਤ੍ਰੇੜਾਂ ਪੈ ਚੁੱਕੀਆਂ ਹਨ ਅਤੇ ਜਾਇਦਾਦ ਦੀ ਖ਼ਾਤਰ ਪੁੱਤ ਵੀ ਪਿਓ ਦਾ ਦੁਸ਼ਮਣ ਬਣ ਰਿਹਾ ਹੈ। ਇਹ ਸਭ ਇਸੇ ਲਈ ਵਾਪਰ ਰਿਹਾ ਹੈ ਕਿਉਂਕਿ ਅਸੀਂ ਧਰਮ ਗ੍ਰੰਥਾਂ ਨੂੰ ਸਿਰਫ਼ ਵਿਖਾਵੇ ਜਾਂ ਫਿਰ ਪੂਜਾ ਦੇ ਮੁਆਵਜ਼ੇ ਵਿੱਚ ਦੁਨਿਆਵੀ ਪਦਾਰਥਾਂ ਦੀ ਪੂਰਤੀ ਲਈ ਹੀ ਪੜ੍ਹਦੇ ਹਾਂ। ਧਰਮ ਗ੍ਰੰਥ ਤਾਂ ਜੀਵਨ ਜਾਚ ਸਿਖਾਉਂਦੇ ਹਨ ਪਰ ਅਸੀਂ ਸਿਖਿਆਰਥੀ ਬਣਨ ਦੀ ਜਾਚ ਹੀ ਭੁੱਲ ਗਏ ਹਾਂ। ਗੁਰੂ ਨਾਨਕ ਸਾਹਿਬ ਜੀ ਦੇ ਤਾਂ ਮਾਰਗ ਦਾ ਨਾਮ ਹੀ 'ਸਿੱਖ' ਹੈ ਭਾਵ ਇਸ ਮਾਰਗ ਤੇ ਚੱਲਣ ਵਾਲਾ ਹਰ ਪ੍ਰਾਣੀ 'ਸਿਖਿਆਰਥੀ' ਹੈ। ਗੁਰੂ ਜੀ ਦੀ ਸਿੱਖਿਆ ਦੀ ਮਹਾਨਤਾ ਏਨੀ ਹੈ ਕਿ ਇੱਕ ਸਿੱਖਿਆ ਸੁਣ ਲੈਣ ਨਾਲ ਹੀ ਮੱਤ ਰੌਸ਼ਨ ਹੋ ਜਾਂਦੀ ਹੈ ਅਤੇ ਸਮਝ ਲੱਗ ਜਾਂਦੀ ਹੈ ਕਿ ਸਾਰੇ ਜੀਵਾਂ ਦਾ ਦਾਤਾ ਇੱਕ ਪਰਮਾਤਮਾ ਹੀ ਹੈ ਅਤੇ ਸਾਨੂੰ ਉਸ ਪਰਮਾਤਮਾ ਨੂੰ ਕਦੀ ਵੀ ਨਹੀਂ ਭੁਲਾਉਣਾ ਚਾਹੀਦਾ। ਗੁਰ ਫ਼ਰਮਾਨ ਹੈ:

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥**
**ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੨)

ਸਰਬੱਤ ਦੇ ਭਲੇ ਲਈ ਗੁਰਬਾਣੀ ਦੇ ਸੁਨੇਹਿਆਂ ਨੂੰ ਲੁਕਾਈ ਤੱਕ ਪਹੁੰਚਾਉਣ ਲਈ ਸਾਰਥਿਕ ਉਪਰਾਲਿਆਂ ਦੀ ਲੋੜ ਹੈ। ਸਤਿਗੁਰੂ ਜੀ ਨੇ ਡਾ. ਵਰਿੰਦਰਪਾਲ ਸਿੰਘ ਜੀ ਤੇ ਬਖ਼ਸ਼ਸ਼ ਕਰਕੇ ਵਿਦਿਆਰਥੀਆਂ ਨੂੰ ਸਚਿਆਰ ਮਨੁੱਖ ਬਣਾਉਣ ਦੇ ਉਦੇਸ਼ ਨਾਲ ਸਕੂਲ ਸਿਲੇਬਸ ਵਿੱਚ ਪੜ੍ਹਾਏ ਜਾਂਦੇ ਵੱਖ-ਵੱਖ ਵਿਸ਼ਿਆਂ ਲਈ ਗੁਰਬਾਣੀ ਤੇ' ਅਧਾਰਿਤ ਨਵੇਕਲ਼ੀਆਂ ਪੁਸਤਕਾਂ ਲਿਖਵਾਉਣ ਦਾ ਕਾਰਜ ਅਰੰਭ ਕਰਵਾਇਆ ਹੈ। ਇਨ੍ਹਾਂ ਪੁਸਤਕਾਂ ਦੀ ਵਿਸ਼ੇਸ਼ਤਾ ਹੈ ਕਿ ਇਹ ਪੁਸਤਕਾਂ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਦਾ ਅਧਿਐਨ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਅੰਦਰ ਨੈਤਿਕ ਗੁਣਾਂ ਦੀ ਪ੍ਰਫੁੱਲਤਾ ਲਈ ਉਚੇਚੇ ਤੌਰ ਤੇ ਸਹਾਈ ਹੁੰਦੀਆਂ ਹਨ। ਡਾ. ਵਰਿੰਦਰਪਾਲ ਸਿੰਘ ਵੱਲੋਂ 2010 ਵਿੱਚ **ਜੀਵੀਏ ਗੁਰਬਾਣੀ ਨਾਲ** ਸਿਰਲੇਖ ਹੇਠ ਲਿਖੀਆਂ ਗਈਆਂ ਇੱਕ ਦਰਜਨ ਪੁਸਤਕਾਂ ਨੂੰ ਵਿੱਦਿਅਕ ਅਦਾਰਿਆਂ ਨੇ ਬੇਹੱਦ ਪਸੰਦ ਕੀਤਾ ਹੈ। ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਨੇ ਇੱਕ ਹੋਰ ਹੰਭਲਾ ਮਾਰ ਕੇ ਇੱਕ ਦਰਜਨ ਤੋਂ ਵੀ ਵੱਧ ਹੋਰ ਨਵੀਆਂ ਪੁਸਤਕਾਂ **ਗੁਰਮੁਖੀ ਅੱਖਰ ਕਾਰਡ** (ਦੋ ਭਾਗ), **ਗੁਰਮੁਖੀ ਅੱਖਰ ਗਿਆਨ**, **ਗੁਰਮੁਖੀ ਅੱਖਰ ਅਭਿਆਸ**, **ਪੰਜਾਬੀ ਅਭਿਆਸ ਪੁਸਤਕ** (ਚਾਰ ਭਾਗ), **ਆਤਮ ਪਰਗਾਸ ਆਰਟ ਬੁੱਕ** (ਦੋ ਭਾਗ), **ਆਤਮ ਪਰਗਾਸ ਸਕਰੈਪ ਬੁੱਕ** (ਦੋ ਭਾਗ), **ਸਿੱਖ ਇਤਿਹਾਸ ਕਾਰਡ** (ਪੰਜਾਬੀ ਵਿੱਚ ਦੋ ਭਾਗ) ਅਤੇ **ਸਿੱਖ ਹਿਸਟਰੀ ਕਾਰਡ** (ਅੰਗਰੇਜ਼ੀ ਵਿੱਚ ਦੋ ਭਾਗ) ਬਾਲ ਪਾਠਕਾਂ ਦੀ ਸੇਵਾ ਵਿੱਚ ਭੇਟ ਕੀਤੀਆਂ ਹਨ।


ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਲਈ ਡਾ. ਵਰਿੰਦਰਪਾਲ ਸਿੰਘ ਜੀ ਅਤੇ ਆਤਮ ਪਰਗਾਸ ਸੋਸ਼ਲ ਵੈਲਫੇਅਰ ਕੌਂਸਲ ਵਧਾਈ ਦੇ ਪਾਤਰ ਹਨ। ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਸ੍ਰੀ ਅੰਮ੍ਰਿਤਸਰ ਆਪਣੇ ਸਕੂਲਾਂ ਦੇ ਸਿਲੇਬਸ ਵਿੱਚ ਆਤਮ ਪਰਗਾਸ ਪ੍ਰਕਾਸ਼ਨਾਵਾਂ ਨੂੰ ਸ਼ਾਮਲ ਕਰਕੇ ਮਾਣ ਮਹਿਸੂਸ ਕਰਦੀ ਹੈ। ਆਤਮ ਪਰਗਾਸ ਵੱਲੋਂ ਵਿਦਿਆਰਥੀਆਂ ਨੂੰ ਆਪਣੀ ਵਿਰਾਸਤ ਦੇ ਫ਼ਖ਼ਰ ਦਾ ਅਹਿਸਾਸ ਕਰਵਾ ਕੇ ਸਚਿਆਰ ਮਨੁੱਖਾਂ ਵਜੋਂ ਵਿਕਸਿਤ ਕਰਨ ਲਈ ਉਲੀਕੇ ਗਏ ਵਿਉਂਤਬੰਦ ਉੱਦਮ ਦੀ ਸਫ਼ਲਤਾ ਲਈ ਸਾਨੂੰ ਸਾਰਿਆਂ ਨੂੰ ਆਪੋ-ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਮੈਂ ਆਸ ਕਰਦੀ ਹਾਂ ਕਿ ਸਮੂਹ ਵਿੱਦਿਅਕ ਅਦਾਰਿਆਂ ਦੇ ਪ੍ਰਬੰਧਕ ਇਨ੍ਹਾਂ ਪੁਸਤਕਾਂ ਨੂੰ ਆਪੋ-ਆਪਣੇ ਸਿਲੇਬਸ ਦਾ ਹਿੱਸਾ ਬਣਾ ਕੇ ਭਰਪੂਰ ਲਾਭ ਪ੍ਰਾਪਤ ਕਰਨਗੇ ਅਤੇ ਇਸ ਮਹੱਤਵਪੂਰਨ ਕਾਰਜ ਨੂੰ ਭੇਟ ਦੇ ਰੂਪ ਵਿੱਚ ਪ੍ਰਵਾਨ ਕਰਨਗੇ।

**ਡਾ. ਇੰਦਰਜੀਤ ਕੌਰ**
ਸਰਪ੍ਰਸਤ, ਆਤਮ ਪਰਗਾਸ ਸੋਸ਼ਲ ਵੈਲਫੇਅਰ ਕੌਂਸਲ ਅਤੇ
ਪ੍ਰਧਾਨ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਸ੍ਰੀ ਅੰਮ੍ਰਿਤਸਰ

© ATAM PARGAS SOCIAL WELFARE COUNCIL

ਦੋ ਸ਼ਬਦ

# ਗੁਰਬਾਣੀ ਬਣੀਐ



ਹਰ ਮਾਤਾ-ਪਿਤਾ ਦੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਵੱਡੇ ਹੋ ਕੇ ਕੁਝ ਬਣਨ ਅਤੇ ਉਨ੍ਹਾਂ ਦਾ ਨਾਮ ਰੋਸ਼ਨ ਕਰਨ। ਪਰ ਨੈਤਿਕ ਗੁਣਾਂ ਤੋਂ ਵਿਹੂਣੀ ਅਜੋਕੇ ਸਕੂਲਾਂ ਦੀ ਪੜ੍ਹਾਈ ਉਨ੍ਹਾਂ ਨੂੰ ਚੰਗੇ ਇਨਸਾਨ ਬਣਾਉਣ ਲਈ ਕੁਝ ਵੀ ਕਰਦੀ ਨਜ਼ਰ ਨਹੀਂ ਆਉਂਦੀ। ਪੁਰਾਣੇ ਬਜ਼ੁਰਗ ਆਪਣੇ ਬੱਚਿਆਂ ਨੂੰ ਮਹਾਂਪੁਰਖਾਂ ਦੀਆਂ ਗਾਥਾਵਾਂ ਅਤੇ ਸਾਖੀਆਂ ਸੁਣਾ ਕੇ ਉਨ੍ਹਾਂ ਨੂੰ ਆਪਣੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਣ ਵਿੱਚ ਵਿਸ਼ੇਸ਼ ਰੁਚੀ ਲੈਂਦੇ ਸਨ, ਤਦੇ ਉਹ ਚੰਗੇ ਨਾਗਰਿਕ ਬਣਦੇ ਸਨ। ਪਰ ਅੱਜ ਪਦਾਰਥਿਕ ਦੌੜ ਵਾਲੇ ਰੁਝਾਨ ਨੇ ਮਾਪਿਆਂ ਕੋਲ ਬੱਚਿਆਂ ਲਈ ਕੋਈ ਵਿਹਲ ਹੀ ਨਹੀਂ ਰਹਿਣ ਦਿੱਤੀ। ਤਦੇ ਹੀ ਬੱਚਿਆਂ ਦਾ ਬਹੁਤਾ ਸਮਾਂ ਟੈਲੀਵਿਜ਼ਨ ਅੱਗੇ ਗੁਜ਼ਰਦਾ ਹੈ, ਜਿਸ ਉੱਪਰ ਐਸੇ ਪ੍ਰੋਗਰਾਮਾਂ ਦੀ ਭਰਮਾਰ ਹੁੰਦੀ ਹੈ ਜੋ ਨੈਤਿਕਤਾ ਸਿਖਾਉਣ ਦੀ ਥਾਂ ਇੰਦਰੀਆਂ ਦੀ ਉਤੇਜਨਾ ਦਾ ਕਾਰਨ ਬਣਦੇ ਹਨ। ਬਾਕੀ ਦਾ ਸਮਾਂ ਬੱਚੇ ਇੰਟਰਨੈੱਟ ਉੱਪਰ ਅਸ਼ਲੀਲ ਵਾਰਤਾਲਾਪਾਂ ਵਿੱਚ ਗੁਆ ਲੈਂਦੇ ਹਨ। ਇਸੇ ਕਾਰਨ ਪੱਛਮੀ ਸੱਭਿਅਤਾ ਦੀਆਂ ਉਕਸਾਊ ਪ੍ਰਵਿਰਤੀਆਂ ਉਨ੍ਹਾਂ ਅੰਦਰ ਪਰਵੇਸ਼ ਕਰੀ ਜਾਂਦੀਆਂ ਹਨ। ਉਨ੍ਹਾਂ ਨੂੰ ਨੈਤਿਕ ਪ੍ਰੇਰਨਾ ਦੇਣ ਲਈ ਨਾ ਸਾਡੇ ਵਿੱਦਿਅਕ ਅਦਾਰੇ ਤੇ ਨਾ ਹੀ ਮਾਪੇ ਜ਼ੁੰਮੇਵਾਰੀ ਲੈਂਦੇ ਨਜ਼ਰ ਆਉਂਦੇ ਹਨ। ਸਿੱਟੇ ਵਜੋਂ ਪਰਿਵਾਰਿਕ ਪਿਆਰ-ਸਤਿਕਾਰ, ਮਿਲਵਰਤਨ ਅਤੇ ਕੁਰਬਾਨੀ ਵਰਗੇ ਗੁਣ ਬੱਚਿਆਂ ਦੀ ਜ਼ਿੰਦਗੀ ਵਿੱਚੋਂ ਅਲੋਪ ਹੁੰਦੇ ਜਾ ਰਹੇ ਹਨ।

ਸਾਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਇਮਾਰਤਾਂ ਜਾਂ ਸੜਕਾਂ ਤਾਂ ਠੇਕੇ ਤੇ ਬਣਵਾਈਆਂ ਜਾ ਸਕਦੀਆਂ ਹਨ, ਪਰ ਬੱਚਿਆਂ ਦੇ ਆਚਰਨ ਉਸਾਰੀ ਦਾ ਕਾਰਜ ਸਾਨੂੰ ਆਪ ਹੀ ਕਰਨਾ ਪਵੇਗਾ। ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਬੱਚਿਆਂ ਨੂੰ ਨੈਤਿਕ ਸੋਝੀ ਪ੍ਰਦਾਨ ਕਰਨ ਦੀ ਜ਼ੁੰਮੇਵਾਰੀ ਕੌਮੀ ਨੀਤੀਵਾਨਾਂ ਅਤੇ ਅਧਿਆਪਕਾਂ ਦੀ ਤਾਂ ਹੈ ਹੀ, ਪਰ ਸਫ਼ਲਤਾ ਲਈ ਮਾਪਿਆਂ ਦੀ ਜਾਗਰੂਕਤਾ ਅਤੇ ਸਹਿਯੋਗ ਦੋਵੇਂ ਬੜੇ ਲਾਜ਼ਮੀ ਹਨ। ਡਾ. ਵਰਿੰਦਰਪਾਲ ਸਿੰਘ ਜੀ ਨੇ ਇਸ ਲੋੜ ਨੂੰ ਮਹਿਸੂਸ ਕਰਦਿਆਂ **'ਜੀਵੀਏ ਗੁਰਬਾਣੀ ਨਾਲ-ਸੁਲੇਖ ਮਾਲਾ'**, **'ਜੀਵੀਏ ਗੁਰਬਾਣੀ ਨਾਲ-ਰੰਗ ਮਾਲਾ'** ਅਤੇ **'ਜੀਵੀਏ ਗੁਰਬਾਣੀ ਨਾਲ-ਚਿੱਤਰ ਮਾਲਾ'** ਪੁਸਤਕਾਂ ਲਿਖੀਆਂ ਹਨ। ਇਹ ਤਿੰਨੇ ਪੁਸਤਕਾਂ ਚਾਰ-ਚਾਰ ਭਾਗਾਂ ਵਿੱਚ ਹਨ, ਇਸ ਤਰ੍ਹਾਂ 12 ਪੁਸਤਕਾਂ ਦਾ ਸੈੱਟ ਤਿਆਰ ਕੀਤਾ ਗਿਆ ਹੈ। ਇਹ ਵਿੱਦਿਆ ਦੇ ਖੇਤਰ ਵਿੱਚ ਸਲਾਹੇ ਜਾਣ ਵਾਲਾ ਯੋਗਦਾਨ ਹੈ।

ਇਨ੍ਹਾਂ ਪੁਸਤਕਾਂ ਵਿਚਲੀਆਂ ਤਸਵੀਰਾਂ ਨੂੰ ਰੰਗੀਨ ਕਰਦਿਆਂ ਬੱਚਿਆਂ ਦੀਆਂ ਮਨੋਬਿਰਤੀਆਂ ਨੂੰ ਨੈਤਿਕਤਾ ਦੀ ਰੰਗਣ ਚੜ੍ਹੇਗੀ, ਗੁਰਬਾਣੀ ਲਿਖਣ ਦਾ ਅਭਿਆਸ ਕਰਦਿਆਂ ਉਨ੍ਹਾਂ ਦੀ ਲਿਖਾਈ ਸੁੰਦਰ ਹੋ ਜਾਵੇਗੀ ਅਤੇ ਗੁਰ ਉਪਦੇਸ਼ ਕੰਠ ਵੀ ਹੋ ਜਾਣਗੇ। ਜਦੋਂ ਉਹ **'ਗੁਰਬਾਣੀ ਬਣੀਐ'** ਦੇ ਰੱਬੀ ਫ਼ਰਮਾਨ ਦੀ ਤਰਜ਼ਮਾਨੀ ਕਰਦਿਆਂ ਗੁਰਬਾਣੀ ਅਨੁਸਾਰੀ ਜੀਵਨ ਜਿਊਂਦਿਆਂ ਸੰਸਾਰ ਵਿੱਚ ਵਿਚਰਨਗੇ ਤਾਂ ਉਨ੍ਹਾਂ ਦੇ ਜੀਵਨ ਵਿੱਚੋਂ ਆਉਂਦੀ ਖ਼ੁਸ਼ਬੋ ਨਾਲ ਸਮੁੱਚਾ ਆਲਾ-ਦੁਆਲਾ ਮਹਿਕ ਉੱਠੇਗਾ।

ਆਤਮ ਪਰਗਾਸ ਸੋਸ਼ਲ ਵੈਲਫੇਅਰ ਕੌਂਸਲ ਵੱਲੋਂ ਇਨ੍ਹਾਂ ਪੁਸਤਕਾਂ ਦੇ ਚੌਥੇ ਭਾਗ ਦੀ ਪ੍ਰਕਾਸ਼ਨਾ ਨੂੰ ਜੀ ਆਇਆਂ ਆਖਣ ਹਿਤ ਇਹ ਦੋ ਸ਼ਬਦ ਲਿਖਦਿਆਂ ਮੈਨੂੰ ਬੜੀ ਖੁਸ਼ੀ ਹੈ। ਵਾਹਿਗੁਰੂ ਜੀ ਕਿਰਪਾ ਕਰਨ ਕਿ ਇਹ ਪੁਸਤਕਾਂ ਲੋਕ-ਪ੍ਰਿਅ ਹੋਣ ਅਤੇ ਸਕੂਲਾਂ ਦੇ ਪਾਠਕ੍ਰਮ ਦਾ ਸ਼ਿੰਗਾਰ ਬਣਨ। ਇਸ ਸੁਚੱਜੇ ਯਤਨ ਲਈ ਡਾ. ਵਰਿੰਦਰਪਾਲ ਸਿੰਘ ਜੀ ਸਾਡੀ ਸ਼ਲਾਘਾ ਦੇ ਭਾਗੀ ਹਨ। ਗੁਰੂ ਕਰੇ ਉਨ੍ਹਾਂ ਦੀ ਇਸ ਸੇਵਾ ਨੂੰ ਚੰਗਾ ਫ਼ਲ ਲੱਗੇ।

**ਸਵਰਗਵਾਸੀ ਡਾ. ਜਸਵੰਤ ਸਿੰਘ ਨੇਕੀ**
ਸਾਬਕਾ ਡਾਇਰੈਕਟਰ, ਪੀ.ਜੀ.ਆਈ., ਚੰਡੀਗੜ੍ਹ ਅਤੇ
ਸਾਬਕਾ ਆਨਰੇਰੀ ਜਨਰਲ ਸਕੱਤਰ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

© ATAM PARGAS SOCIAL WELFARE COUNCIL

**ਪ੍ਰਕਾਸ਼ਨਾ ਮਨੋਰਥ**

# ਗੁਰਮਤਿ ਸੰਗ, ਉਸਾਰੀਏ ਬਚਪਨ



ਅਜੋਕੇ ਸਮੇਂ ਦੀ ਪਦਾਰਥਵਾਦੀ ਭੱਜ-ਦੌੜ ਵਿੱਚ ਧਰਮ ਨੂੰ ਸੰਸਾਰੀ ਲੋੜਾਂ ਦੀ ਪੂਰਤੀ ਲਈ ਸਿਰਫ਼ ਇੱਕ ਹੱਥ-ਕੰਡੇ ਵਜੋਂ ਹੀ ਵਰਤਿਆ ਜਾ ਰਿਹਾ ਹੈ। ਸਿੱਟੇ ਵਜੋਂ ਅਸੀਂ ਇਤਿਹਾਸ ਨੂੰ ਵੀ ਮਿੱਥਾਂ ਦੇ ਭਰਮਜਾਲ ਵਿੱਚ ਲਪੇਟ ਰਹੇ ਹਾਂ। ਮਨੁੱਖ ਕੋਲੋਂ ਉਸ ਦੀ ਮਨੁੱਖਤਾ ਖੋਹ ਕੇ ਦਾਨਵੀ ਅਤੇ ਪਸ਼ੂ ਬਿਰਤੀਆਂ ਨਾਲ ਭਰਪੂਰ ਜੀਵਨ ਨੂੰ ਆਦਰਸ਼ ਬਣਾਇਆ ਜਾਣਾ ਭਾਰੂ ਵਰਤਾਰਾ ਹੈ। ਵਿਕਾਸ ਦੇ ਨਾਂ 'ਤੇ ਵਿਨਾਸ਼ ਦਾ ਇਹ ਖੇਲ ਨਸ਼ਿਆਂ, ਦੁਰਵਿਹਾਰ, ਅਨੁਸ਼ਾਸ਼ਨਹੀਣਤਾ ਅਤੇ ਵਿਕ੍ਰਿਤ ਕਾਮ ਰੁਚੀਆਂ ਦੇ ਰੂਪ ਵਿੱਚ ਨਿਸੰਗ ਜਾਰੀ ਹੈ। ਪੱਛਮੀ ਜੀਵਨ-ਜਾਚ ਲੰਮਾ ਸਮਾਂ ਪੂਰਬ ਵੱਲ ਵੇਖ ਕੇ ਉਤਸ਼ਾਹ ਪ੍ਰਾਪਤ ਕਰਦੀ ਆ ਰਹੀ ਹੈ ਪਰ ਹੁਣ ਉਲਟੀ ਗੰਗਾ ਵਹਿਣੀ ਦੁਖਦਾਈ ਹੈ।

ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਇਸ ਹਾਲਾਤ ਦੇ ਮੱਦੇ ਨਜ਼ਰ ਸਮਾਜਿਕ ਵਿਕਾਸ ਦੀ ਸਹੀ ਦਿਸ਼ਾ ਦੀ ਤਲਾਸ਼ ਕਰਨ ਵਾਲੀ ਸੰਸਥਾ ਹੈ। ਅਸੀਂ ਮਨੁੱਖੀ ਆਚਰਨ ਦੀ ਆਦਰਸ਼ ਘਾੜਤ ਘੜਨ ਦਾ ਅਰੰਭ ਬਚਪਨ ਦੀ ਉਸ ਅਵਸਥਾ ਵਿੱਚ ਕਰਨ ਦੇ ਹਾਮੀ ਹਾਂ, ਜਦੋਂ ਬੱਚਾ ਸੰਸਾਰ ਦੇ ਵਰਤਾਰਿਆਂ ਨੂੰ ਇੱਕ ਜਗਿਆਸੂ ਦੀ ਨੀਝ ਨਾਲ ਵੇਖ ਰਿਹਾ ਹੁੰਦਾ ਹੈ ਅਤੇ ਉਸ ਦੇ ਮਨ ਦੀ ਕੋਰੀ ਸਲੇਟ ਉੱਪਰ ਕੁਝ ਸਦੀਵੀ ਅੱਖਰ ਲਿਖੇ ਜਾਣ ਦਾ ਸਹੀ ਸਮਾਂ ਹੁੰਦਾ ਹੈ। ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਨੇ ਇਸ ਉਮਰ ਦੇ ਬੱਚਿਆਂ ਨੂੰ ਖੇਡ ਪੁਸਤਕਾਂ ਰਾਹੀਂ ਆਪਣੇ ਅਮੀਰ ਵਿਰਸੇ ਅਤੇ ਆਦਰਸ਼ ਆਚਰਨ ਨਾਲ ਜੋੜਨ ਦਾ ਸੁਪਨਾ ਪਾਲਿਆ ਹੋਇਆ ਹੈ।

ਇਸ ਬੁਨਿਆਦੀ ਲੋੜ ਨੂੰ ਪੂਰਿਆਂ ਕਰਨ ਲਈ ਡਾ. ਵਰਿੰਦਰਪਾਲ ਸਿੰਘ ਜੀ ਦੁਆਰਾ ਰਚਿਤ ਇੱਕ ਦਰਜਨ ਖੇਡ ਪੁਸਤਕਾਂ ਦੀ ਸੀਰੀਜ਼ ਨੂੰ ਸਾਲ 2010 ਦੌਰਾਨ **ਜੀਵੀਏ ਗੁਰਬਾਣੀ ਨਾਲ** ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ ਗਿਆ ਸੀ। ਦੂਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਚਾਰ-ਚਾਰ ਭਾਗਾਂ ਵਿੱਚ ਪ੍ਰਕਾਸ਼ਿਤ ਕੀਤੀਆਂ **ਜੀਵੀਏ ਗੁਰਬਾਣੀ ਨਾਲ-ਸੁਲੇਖ ਮਾਲਾ, ਜੀਵੀਏ ਗੁਰਬਾਣੀ ਨਾਲ-ਰੰਗ ਮਾਲਾ** ਅਤੇ **ਜੀਵੀਏ ਗੁਰਬਾਣੀ ਨਾਲ-ਚਿੱਤਰ ਮਾਲਾ** ਨੂੰ ਸੈਂਕੜੇ ਵਿੱਦਿਅਕ ਅਦਾਰਿਆਂ ਨੇ ਆਪਣੇ ਪਾਠਕ੍ਰਮ ਵਿੱਚ ਸ਼ਾਮਲ ਕਰਕੇ ਭਾਰੀ ਉਤਸ਼ਾਹ ਦਿਖਾਇਆ ਹੈ। ਵਿੱਦਿਅਕ ਅਦਾਰਿਆਂ ਵੱਲੋਂ ਵਿਦਿਆਰਥੀਆਂ ਲਈ ਨਵੀਆਂ ਪੁਸਤਕਾਂ ਦੀ ਨਿਰੰਤਰ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਡਾ. ਵਰਿੰਦਰਪਾਲ ਸਿੰਘ ਜੀ ਨੇ ਇੱਕ ਹੋਰ ਹੰਭਲਾ ਮਾਰ ਕੇ ਇੱਕ ਦਰਜਨ ਤੋਂ ਵੀ ਵੱਧ ਹੋਰ ਨਵੀਆਂ ਪੁਸਤਕਾਂ **ਗੁਰਮੁਖੀ ਅੱਖਰ ਕਾਰਡ** (ਦੋ ਭਾਗ), **ਗੁਰਮੁਖੀ ਅੱਖਰ ਗਿਆਨ**, **ਗੁਰਮੁਖੀ ਅੱਖਰ ਅਭਿਆਸ**, **ਪੰਜਾਬੀ ਅਭਿਆਸ ਪੁਸਤਕ** (ਚਾਰ ਭਾਗ), **ਆਤਮ ਪਰਗਾਸ ਆਰਟ ਬੁੱਕ** (ਦੋ ਭਾਗ), **ਆਤਮ ਪਰਗਾਸ ਸਕਰੈਪ ਬੁੱਕ** (ਦੋ ਭਾਗ), **ਸਿੱਖ ਇਤਿਹਾਸ ਕਾਰਡ** (ਪੰਜਾਬੀ ਵਿੱਚ ਦੋ ਭਾਗ) ਅਤੇ **ਸਿੱਖ ਹਿਸਟਰੀ ਕਾਰਡ** (ਅੰਗਰੇਜ਼ੀ ਵਿੱਚ ਦੋ ਭਾਗ) ਬਾਲ ਪਾਠਕਾਂ ਦੀ ਸੇਵਾ ਵਿੱਚ ਭੇਟ ਕੀਤੀਆਂ ਹਨ। ਇਨ੍ਹਾਂ ਪੁਸਤਕਾਂ ਦੀ ਸਹਾਇਤਾ ਦੇ ਨਾਲ ਬੱਚੇ ਖੇਡ-ਖੇਡ ਵਿੱਚ ਹੀ ਨਾ ਸਿਰਫ਼ ਆਪਣੀ ਮਾਂ ਬੋਲੀ, ਸਹੀ ਸ਼ਬਦ ਜੋੜ ਅਤੇ ਗੁਰਬਾਣੀ ਦੀ ਸ਼ਬਦਾਵਲੀ ਤੋਂ ਵਾਕਫ਼ ਹੋ ਜਾਣਗੇ ਸਗੋਂ ਅਮੀਰ ਵਿਰਸੇ ਤੋਂ ਸੇਧ ਲੈ ਕੇ ਚੰਗੇ ਨਾਗਰਿਕ ਬਣਨ ਦੇ ਯੋਗ ਵੀ ਹੋ ਸਕਣਗੇ।

ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਵੱਲੋਂ ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਦੀ ਖ਼ੁਸ਼ੀ ਹਾਸਲ ਕਰਦਿਆਂ ਅਸੀਂ ਵਾਹਿਗੁਰੂ ਜੀ ਦੇ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਇਸ ਸੇਵਾ ਦਾ ਸੁਭਾਗ ਬਖ਼ਸ਼ਸ਼ ਕੀਤਾ ਹੈ। ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਲਈ ਮੈਂ ਸਮੂਹ ਆਤਮ ਪਰਗਾਸ ਪਰਿਵਾਰ ਦਾ ਧੰਨਵਾਦੀ ਹਾਂ ਜਿਨ੍ਹਾਂ ਦੇ ਉਤਸ਼ਾਹੀ ਸਹਿਯੋਗ ਅਤੇ ਕੀਮਤੀ ਸੁਝਾਵਾਂ ਨਾਲ ਇਹ ਕਾਰਜ ਸਫ਼ਲਤਾ ਸਹਿਤ ਸੰਪੂਰਨ ਹੋਇਆ ਹੈ। ਆਸ ਕਰਦੇ ਹਾਂ ਕਿ ਵਿੱਦਿਅਕ ਅਦਾਰਿਆਂ ਦੇ ਪ੍ਰਬੰਧਕ, ਆਤਮ ਪਰਗਾਸ ਵੱਲੋਂ ਨਰਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਪ੍ਰਕਾਸ਼ਿਤ ਕੀਤੀਆਂ ਇਨ੍ਹਾਂ ਪੁਸਤਕਾਂ ਨੂੰ ਆਪੋ-ਆਪਣੇ ਪਾਠਕ੍ਰਮ ਵਿੱਚ ਸ਼ਾਮਲ ਕਰਕੇ ਵਿਦਿਆਰਥੀਆਂ ਅੰਦਰ ਨੈਤਿਕ, ਬੌਧਿਕ ਅਤੇ ਸੱਭਿਅਕ ਵਿਕਾਸ ਦੀ ਜ਼ੁੰਮੇਵਾਰੀ ਨਿਭਾਉਣ ਲਈ ਭਰਪੂਰ ਲਾਭ ਪ੍ਰਾਪਤ ਕਰ ਸਕਣਗੇ।

**ਡਾ. ਨਛੱਤਰ ਸਿੰਘ**
ਡਾਇਰੈਕਟਰ, ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ
ਅਤੇ ਸਾਬਕਾ ਉਪ-ਕੁਲਪਤੀ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ

© ATAM PARGAS SOCIAL WELFARE COUNCIL

# ਦੁਨੀਆਂ ਦਾ ਸਭ ਤੋਂ ਕੀਮਤੀ ਖ਼ਜ਼ਾਨਾ !

## ਪਿਆਰੇ ਬੱਚਿਓ !

ਆਪਣੇ ਪਿਆਰੇ ਦੀ ਦਿੱਤੀ ਹੋਈ ਨਿੱਕੀ ਜਿਹੀ ਵਸਤੂ ਵੀ ਸਾਡੇ ਲਈ ਬਹੁਤ ਕੀਮਤੀ ਹੁੰਦੀ ਹੈ ਅਤੇ ਅਸੀਂ ਉਸਨੂੰ ਸੰਭਾਲ-ਸੰਭਾਲ ਕੇ ਰੱਖਦੇ ਹਾਂ। 'ਜੀਵੀਏ ਗੁਰਬਾਣੀ ਨਾਲ' ਪੁਸਤਕ ਸੀਰੀਜ਼ ਵਿੱਚ ਆਪ ਜੀ ਦੁਆਰਾ ਸਜਾਏ ਜਾਣ ਵਾਲੇ ਇਲਾਹੀ ਫ਼ਰਮਾਨ ਪਰਮਾਤਮਾ ਦੇ ਪਿਆਰਿਆਂ ਦੀ ਬਾਣੀ ਹੈ। ਰੱਬੀ ਰੰਗ ਵਿੱਚ ਰੰਗੇ ਮਹਾਂਪੁਰਖਾਂ ਦੇ ਇਨ੍ਹਾਂ ਬੋਲਾਂ ਵਿੱਚ ਮੁਰਦਾ ਰੂਹਾਂ ਨੂੰ ਦੈਵੀ ਗੁਣਾਂ ਨਾਲ ਸਰਸ਼ਾਰ ਕਰ ਦੇਣ ਦੀ ਸਮਰੱਥਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਉਪਦੇਸ਼ ਦੁਨੀਆਂ ਦਾ ਸਭ ਤੋਂ ਕੀਮਤੀ ਖ਼ਜ਼ਾਨਾ ਹਨ, ਜਿਨ੍ਹਾਂ ਦਾ ਮੁੱਲ ਦਿੱਤਾ ਹੀ ਨਹੀਂ ਜਾ ਸਕਦਾ। ਕੋਈ ਭੇਟਾ ਜੇ ਅਸੀਂ ਦੇ ਸਕਦੇ ਹਾਂ ਤਾਂ ਉਹ ਗੁਰਬਾਣੀ ਦਾ ਸਤਿਕਾਰ ਅਤੇ ਜੀਵਨ ਵਿੱਚ ਕਮਾਈ ਹੀ ਹੋ ਸਕਦੀ ਹੈ। ਇਸ ਲਈ ਇਨ੍ਹਾਂ ਪੁਸਤਕਾਂ ਦੀ ਸੰਭਾਲ ਅਤੇ ਅਧਿਐਨ ਪੂਰਨ ਸਤਿਕਾਰ ਅਤੇ ਸ਼ਰਧਾ ਨਾਲ ਕਰਨਾ ਹੈ ਅਤੇ ਇਹ ਪੁਸਤਕਾਂ ਸਦਾ ਲਈ ਆਪਣੀ ਨਿੱਜੀ ਲਾਇਬ੍ਰੇਰੀ ਵਿੱਚ ਸੰਭਾਲ ਕੇ ਰੱਖਣੀਆਂ ਹਨ। ਇਹ ਸੰਭਾਲ ਤੁਹਾਡੇ ਲਈ ਯਾਦਗਾਰੀ ਅਤੇ ਵਡਮੁੱਲੀ ਹੋਵੇਗੀ। ਵੱਡੇ ਹੋ ਕੇ ਜਦੋਂ ਵੀ ਤੁਸੀਂ ਇਨ੍ਹਾਂ ਪੁਸਤਕਾਂ ਰਾਹੀਂ ਵੱਖ-ਵੱਖ ਸ਼੍ਰੇਣੀਆਂ ਵਿੱਚ ਆਪਣੀ ਲਿਖਾਈ ਅਤੇ ਕਲਾ ਕ੍ਰਿਤ ਦੇ ਵਿਕਾਸ ਨੂੰ ਦੇਖੋਗੇ ਤਾਂ ਇੱਕ ਵਿਸ਼ੇਸ਼ ਅਨੰਦ ਅਨੁਭਵ ਹੋਵੇਗਾ ਅਤੇ ਨਿੱਕੀ ਉਮਰੇ ਸਿੱਖੇ ਰੱਬੀ ਸਿਧਾਂਤ ਵੀ ਤਾਜ਼ੇ ਰਹਿਣਗੇ।

© ATAM PARGAS SOCIAL WELFARE COUNCIL

# ਪਾਠ ਸੂਚੀ


| ਪਾਠ ਨੰ: | ਵਿਸ਼ਾ | ਪੰਨਾ |
|---|---|---|
| ੧. | ਸਭ ਤੋਂ ਉੱਤਮ ਧਰਮ ਦਾ ਨਿਰਣਾ ਕਰਨ ਸਮੇਂ | ੯ |
| ੨. | ਪਰਮਾਤਮਾ ਦੇ ਨਾਮ ਸੰਬੰਧੀ ਝਗੜਿਆਂ ਦੀ ਉਲਝਣ ਸੁਲਝਾਉਣ ਸਮੇਂ | ੧੦ |
| ੩. | ਮਨ ਨੂੰ ਵਕਤ ਸਫ਼ਲਾ ਕਰਨ ਦੀ ਪ੍ਰੇਰਨਾ ਕਰਨ ਸਮੇਂ | ੧੧ |
| ੪. | ਮਨੁੱਖਾ ਜੂਨ ਦੀ ਮਹੱਤਤਾ ਸਮਝਣ ਸਮੇਂ | ੧੨ |
| ੫. | ਪਰਮਾਤਮਾ ਦੀ ਸਮਰੱਥਾ ਦਾ ਅਨੁਭਵ ਕਰਨ ਸਮੇਂ | ੧੩ |
| ੬. | ਦੀਨ ਲਈ ਕੁਰਬਾਨੀ ਕਰਨ ਸਮੇਂ | ੧੪ |
| ੭. | ਸ਼ਰਾਬੀ ਮਨੁੱਖ ਦੀ ਬੁਰੀ ਹਾਲਤ ਤੋਂ ਸਿੱਖਿਆ ਲੈਂਦੇ ਸਮੇਂ | ੧੫ |
| ੮. | ਆਪਣੇ ਕੰਨਾਂ ਨੂੰ ਗੰਦਾ ਗੀਤ-ਸੰਗੀਤ ਸੁਣਨ ਤੋਂ ਵਰਜਣ ਸਮੇਂ | ੧੬ |
| ੯. | ਪਰਮਾਤਮਾ ਦੀ ਭਾਲ ਕਰਨ ਸਮੇਂ | ੧੭ |
| ੧੦. | ਪਰਿਵਾਰ ਵਿੱਚ ਰਹਿ ਕੇ ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਜੁਗਤ ਦੇ ਧਾਰਨੀ ਹੋਣ ਸਮੇਂ | ੧੮ |
| ੧੧. | ਕੁਦਰਤ ਦੀ ਸੁੰਦਰਤਾ ਵੇਖ ਕੇ ਮਨ ਦੇ ਮੋਹੇ ਜਾਣ ਸਮੇਂ | ੧੯ |
| ੧੨. | ਮਨ ਨੂੰ ਸੰਸਾਰ ਦੀ ਅਸਲੀਅਤ ਸਮਝਾਉਣ ਸਮੇਂ | ੨੦ |
| ੧੩. | ਸੰਸਾਰੀ ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਨਾਮ ਜਪਣ ਦਾ ਬਹਾਨਾ ਕਰਨ ਸਮੇਂ | ੨੧ |
| ੧੪. | ਮਿੱਠੀਆਂ ਵਸਤਾਂ ਦਾ ਸਵਾਦ ਮਾਣਨ ਸਮੇਂ | ੨੨ |
| ੧੫. | ਪਰਮਾਤਮਾ ਦਾ ਭਾਣਾ ਮਿੱਠਾ ਕਰਕੇ ਮੰਨਣ ਸਮੇਂ | ੨੩ |
| ੧੬. | ਕੇਸਾਂ ਦੀ ਮਹੱਤਤਾ ਸਮਝਣ ਸਮੇਂ | ੨੪ |
| ੧੭. | ਚੰਗੇ-ਮੰਦੇ ਦਿਨਾਂ ਦਾ ਭਰਮ ਹੋਣ ਸਮੇਂ | ੨੫ |
| ੧੮. | ਸਰਾਧ ਆਦਿਕ ਦੇ ਭਰਮ ਵਿੱਚੋਂ ਨਿਕਲਣ ਸਮੇਂ | ੨੬ |
| ੧੯. | ਮਨ ਨੂੰ ਮਾਇਆ ਦੇ ਮੋਹ ਵਿੱਚੋਂ ਨਿਕਲਣ ਦੀ ਪ੍ਰੇਰਨਾ ਕਰਨ ਸਮੇਂ | ੨੭ |
| ੨੦. | ਦਾਤੇ ਅਤੇ ਭਿਖਾਰੀ ਦੀ ਝਲਕ ਦੇਖਣ ਸਮੇਂ | ੨੮ |
| ੨੧. | ਬੱਚਿਆਂ ਨੂੰ ਮਾਤਾ-ਪਿਤਾ ਨਾਲ ਨਾ ਝਗੜਨ ਦੀ ਪ੍ਰੇਰਨਾ ਕਰਨ ਸਮੇਂ | ੨੯ |
| ੨੨. | ਰੋਗਾਂ ਦਾ ਇਲਾਜ ਕਰਦੇ ਸਮੇਂ | ੩੦ |
| ੨੩. | ਚੰਦਰਮਾ ਦੀ ਰੋਸ਼ਨੀ ਬਾਰੇ ਗਿਆਨ ਹਾਸਲ ਕਰਨ ਸਮੇਂ | ੩੧ |
| ੨੪. | ਬ੍ਰਹਿਮੰਡ ਦੇ ਪਸਾਰੇ ਦੀ ਵਿੱਦਿਆ ਪ੍ਰਾਪਤ ਕਰਨ ਸਮੇਂ | ੩੨ |
| ੨੫. | ਸੂਰਜ, ਚੰਦਰਮਾ ਆਦਿਕ ਬਾਰੇ ਜਾਣਨ ਸਮੇਂ | ੩੩ |
| ੨੬. | ਮਨੁੱਖ ਦੀ ਚੰਦਰਮਾ ਉੱਪਰ ਯਾਤਰਾ ਬਾਰੇ ਜਾਣਨ ਸਮੇਂ | ੩੪ |
| ੨੭. | ਧਨ ਨੂੰ ਹੀ ਖੁਸ਼ੀ ਦਾ ਸਾਧਨ ਸਮਝਣ ਸਮੇਂ | ੩੫ |
| ੨੮. | ਦੁਨੀਆਂ ਦੇ ਕੀਮਤੀ ਖ਼ਜ਼ਾਨਿਆਂ ਦੀ ਭਾਲ ਸਮੇਂ | ੩੬ |
| ੨੯. | ਜਗਤ ਰਚਨਾ ਹੋਣ ਤੋਂ ਪਹਿਲਾਂ ਦੇ ਸਮੇਂ ਦਾ ਗਿਆਨ ਹਾਸਲ ਕਰਨ ਸਮੇਂ | ੩੭ |
| ੩੦. | ਗੁਰਮੁਖਾਂ ਦੇ ਗੁਰਬਾਣੀ ਅਨੁਸਾਰੀ ਜੀਵਨ ਜਿਊਂ ਕੇ ਅਕਾਲ ਚਲਾਣਾ ਕਰਨ ਸਮੇਂ | ੩੮ |
| ੩੧. | ਪ੍ਰਸ਼ਨ ਪੱਤਰ | ੩੯-੪੦ |


© ATAM PARGAS SOCIAL WELFARE COUNCIL

# ੧. ਸਭ ਤੋਂ ਉੱਤਮ ਧਰਮ ਦਾ ਨਿਰਣਾ ਕਰਨ ਸਮੇਂ




ਪਰਮਾਤਮਾ ਦਾ ਨਾਮ ਜਪਣਾ ਅਤੇ ਸ਼ੁਭ ਕਰਮ ਕਰਨੇ ਹੀ ਸਾਰੇ ਧਰਮਾਂ ਵਿੱਚੋਂ ਉੱਤਮ ਧਰਮ ਹੈ।

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥


ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥


© ATAM PARGAS SOCIAL WELFARE COUNCIL



(ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੬੬)

# ੫. ਪਰਮਾਤਮਾ ਦੀ ਸਮਰੱਥਾ ਦਾ ਅਨੁਭਵ ਕਰਨ ਸਮੇਂ



ਜਿਸ ਤੇ ਪ੍ਰਭੂ ਦੀ ਬਖ਼ਸ਼ਸ਼ ਹੋ ਜਾਵੇ ਉਸ ਦਾ ਬਗਲਾਪਣ (ਪਾਖੰਡ) ਦੂਰ ਹੋ ਕੇ ਹੰਸ (ਉੱਜਲ ਮੱਤ ਵਾਲਾ) ਬਣਨਾ ਕੋਈ ਮੁਸ਼ਕਲ ਨਹੀਂ। ਜੇ ਪਰਮਾਤਮਾ ਚਾਹੇ ਤਾਂ ਉਹ ਬਗਲੇ (ਬਾਹਰੋਂ ਚੰਗੇ ਦਿਸਣ ਵਾਲੇ) ਨੂੰ ਤਾਂ ਕੀ, ਕਾਂ (ਅੰਦਰੋਂ-ਬਾਹਰੋਂ ਗੰਦੇ ਆਚਰਨ ਵਾਲੇ) ਨੂੰ ਵੀ ਹੰਸ (ਸੁਚੱਜੀ ਮੱਤ ਵਾਲਾ) ਬਣਾ ਦਿੰਦਾ ਹੈ।

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ॥

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ॥

(ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੯੧)



© ATAM PARGAS SOCIAL WELFARE COUNCIL

# ੧੪. ਮਿੱਠੀਆਂ ਵਸਤਾਂ ਦਾ ਸਵਾਦ ਮਾਣਨ ਸਮੇਂ



ਹੇ ਫਰੀਦ! ਸ਼ੱਕਰ, ਖੰਡ, ਮਿਸਰੀ, ਗੁੜ, ਸ਼ਹਿਦ ਅਤੇ ਮੱਝ ਦਾ ਦੁੱਧ ਆਦਿਕ ਸਭ ਵਸਤੂਆਂ ਭਾਵੇਂ ਮਿੱਠੀਆਂ ਹਨ, ਪਰ ਪਰਮਾਤਮਾ ਦੇ ਨਾਮ ਦੀ ਮਿਠਾਸ ਦਾ ਮੁਕਾਬਲਾ ਨਹੀਂ ਕਰ ਸਕਦੀਆਂ। (ਭਾਵ ਪਰਮਾਤਮਾ ਦੇ ਨਾਮ ਦੀ ਮਿਠਾਸ ਅੱਗੇ ਇਹਨਾਂ ਦੀ ਮਿਠਾਸ ਫਿੱਕੀ ਹੈ।)

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥

© ATAM PARGAS SOCIAL WELFARE COUNCIL



(ਸ਼ੇਖ ਫਰੀਦ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧੩੭੯)

# ੨੪. ਬ੍ਰਹਿਮੰਡ ਦੇ ਪਸਾਰੇ ਦੀ ਵਿੱਦਿਆ ਪ੍ਰਾਪਤ ਕਰਨ ਸਮੇਂ



(ਗੁਰਬਾਣੀ ਵਿਗਿਆਨਿਕ ਖੋਜਾਂ ਦਾ ਖ਼ਜ਼ਾਨਾ ਹੈ। ਕੁਦਰਤ ਦੇ ਉਹ ਗੁੱਝੇ ਭੇਦ ਜਿਨ੍ਹਾਂ ਸੰਬੰਧੀ ਵਿਗਿਆਨ ਅਜੇ ਵੀ ਚੁੱਪ ਹੈ, ਉਨ੍ਹਾਂ ਦੀ ਜਾਣਕਾਰੀ ਗੁਰਬਾਣੀ ਨੇ 15ਵੀਂ ਸਦੀ ਵਿੱਚ ਹੀ ਜਗਤ ਨੂੰ ਦੇ ਦਿੱਤੀ ਸੀ।) ਬ੍ਰਹਿਮੰਡ ਦੇ ਪਸਾਰੇ ਸੰਬੰਧੀ ਗੁਰੂ ਜੀ ਦਸਦੇ ਹਨ ਕਿ ਪਰਮਾਤਮਾ ਦੀ ਰਚਨਾ ਵਿੱਚ ਕਈ ਕਰੋੜਾਂ (ਭਾਵ ਬੇਅੰਤ) ਹੀ ਦੇਸ਼, ਭੂ-ਮੰਡਲ, ਚੰਦਰਮਾ, ਸੂਰਜ ਅਤੇ ਉਨ੍ਹਾਂ ਦੇ ਗ੍ਰਹਿ ਹਨ।

ਕਈ ਕੋਟਿ ਦੇਸ ਭੂ ਮੰਡਲ॥ ਕਈ ਕੋਟਿ ਸਸੀਅਰ ਸੂਰ ਨਖ੍ਯ੍ਯਤ੍ਰ॥

ਕਈ ਕੋਟਿ ਦੇਸ ਭੂ ਮੰਡਲ॥ ਕਈ ਕੋਟਿ ਸਸੀਅਰ ਸੂਰ ਨਖ੍ਯ੍ਯਤ੍ਰ॥

ਕਈ ਕੋਟਿ ਦੇਸ ਭੂ ਮੰਡਲ॥ ਕਈ ਕੋਟਿ ਸਸੀਅਰ ਸੂਰ ਨਖ੍ਯ੍ਯਤ੍ਰ॥

ਕਈ ਕੋਟਿ ਦੇਸ ਭੂ ਮੰਡਲ॥ ਕਈ ਕੋਟਿ ਸਸੀਅਰ ਸੂਰ ਨਖ੍ਯ੍ਯਤ੍ਰ॥



(ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੭੫-੭੬)

© ATAM PARGAS SOCIAL WELFARE COUNCIL

# ੨੬. ਮਨੁੱਖ ਦੀ ਚੰਦਰਮਾ ਉੱਪਰ ਯਾਤਰਾ ਬਾਰੇ ਜਾਣਨ ਸਮੇਂ




(ਜਦੋਂ ਮਨੁੱਖ ਪੈਦਲ ਜਾਂ ਫੇਰ ਪਸ਼ੂਆਂ ਦੀ ਸਵਾਰੀ ਤੋਂ ਬਿਨਾਂ ਆਵਾਜਾਈ ਦੇ ਕਿਸੇ ਹੋਰ ਸਾਧਨ ਦੀ ਕਿਆਸ ਆਰਾਈ ਵੀ ਨਹੀਂ ਸੀ ਲਗਾ ਸਕਦਾ, ਉਸ ਸਮੇਂ ਦਿੱਬ-ਦ੍ਰਿਸ਼ਟੀ ਦੇ ਮਾਲਕ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ) ਜੇ ਮਨੁੱਖ ਅਣੂ ਬਣਕੇ
(ਭਾਵ ਵਿਗਿਆਨ ਦੇ ਸਹਾਰੇ ਨਾਲ ਅਣੂ ਸ਼ਕਤੀ ਦੀ ਵਰਤੋਂ ਕਰਕੇ)
ਅਕਾਸ਼ਾਂ, ਦੀਪਾਂ, ਲੋਆਂ ਅਤੇ ਪਹਾੜਾਂ ਦੀ ਆਖਰੀ ਸੀਮਾ ਤੱਕ ਅੱਖ ਦੇ ਫੋਰ ਵਿੱਚ
(ਭਾਵ ਬਹੁਤ ਤੇਜ਼ੀ ਨਾਲ) ਹੀ ਹੋ ਆਏ,
ਤਾਂ ਵੀ ਗੁਰੂ ਜੀ (ਸਾਧੂ) ਦੀ ਸੰਗਤ ਤੋਂ ਬਿਨਾਂ ਜੀਵਨ ਸਫ਼ਲ ਨਹੀਂ ਹੋ ਸਕਦਾ।

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥

ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧੵਤੇ॥

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥

ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧੵਤੇ॥

© ATAM PARGAS SOCIAL WELFARE COUNCIL



(ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧੩੬੦)

# ਪ੍ਰਸ਼ਨ ਪੱਤਰ

ਹੇਠ ਲਿਖੇ ਸਮਿਆਂ ਤੇ ਪ੍ਰੇਰਨਾ ਲਈ ਗੁਰਬਾਣੀ ਦੇ ਢੁਕਵੇਂ ਫ਼ਰਮਾਨ ਸੁੰਦਰ ਲਿਖਾਈ ਵਿੱਚ ਲਿਖੋ ਜੀ।

- ਆਪਣੇ ਕੰਨਾਂ ਨੂੰ ਗੰਦਾ ਗੀਤ-ਸੰਗੀਤ ਸੁਣਨ ਤੋਂ ਵਰਜਣ ਸਮੇਂ
- ਕੁਦਰਤ ਦੀ ਸੁੰਦਰਤਾ ਤੇ ਮਨ ਦੇ ਮੋਹੇ ਜਾਣ ਸਮੇਂ
- ਮਿੱਠੀਆਂ ਵਸਤਾਂ ਦਾ ਸਵਾਦ ਮਾਣਦੇ ਸਮੇਂ
- ਸਭ ਤੋਂ ਉੱਤਮ ਧਰਮ ਦਾ ਨਿਰਣਾ ਕਰਨ ਸਮੇਂ
- ਬੱਚਿਆਂ ਨੂੰ ਮਾਤਾ-ਪਿਤਾ ਨਾਲ ਨਾ ਝਗੜਨ ਦੀ ਪ੍ਰੇਰਨਾ ਕਰਨ ਸਮੇਂ
- ਜਗਤ ਰਚਨਾ ਤੋਂ ਪਹਿਲਾਂ ਦੇ ਸਮੇਂ ਦਾ ਗਿਆਨ ਹਾਸਲ ਕਰਨ ਸਮੇਂ
- ਬ੍ਰਹਿਮੰਡ ਦੇ ਪਸਾਰੇ ਦੀ ਵਿੱਦਿਆ ਪ੍ਰਾਪਤ ਕਰਨ ਸਮੇਂ
- ਧਨ ਨੂੰ ਹੀ ਖੁਸ਼ੀ ਦਾ ਸਾਧਨ ਸਮਝਣ ਸਮੇਂ
- ਰੋਗਾਂ ਦਾ ਇਲਾਜ ਕਰਦੇ ਸਮੇਂ
- ਦਾਤੇ ਅਤੇ ਭਿਖਾਰੀ ਦੀ ਝਲਕ ਦੇਖਣ ਸਮੇਂ

© ATAM PARGAS SOCIAL WELFARE COUNCIL

# ਪ੍ਰਸ਼ਨ ਪੱਤਰ

(ਅ) ਹੇਠ ਲਿਖੇ ਗੁਰਬਾਣੀ ਦੇ ਫ਼ਰਮਾਨ ਕਿਸ-ਕਿਸ ਸਮੇਂ ਮਨ ਨੂੰ ਸਹੀ ਦਿਸ਼ਾ ਵਿੱਚ ਰਹਿਣ ਦੀ ਪ੍ਰੇਰਨਾ ਕਰਨ ਲਈ ਸਹਾਈ ਹੁੰਦੇ ਹਨ?

✏ ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥ ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥

✏ ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

✏ ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥

✏ ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥

✏ ਸਤਿਗੁਰ ਬਾਝਹੁ ਅੰਧੁ ਗੁਬਾਰੁ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥

(ੲ) ਖਾਲੀ ਥਾਵਾਂ ਭਰੋ।

ਭੈ ਵਿਚਿ ______ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥

ਮੇਰੋ ਬਾਪੁ ______ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ॥

ਨਿਕਸੁ ਰੇ ______ ਸਿਮਰਿ ______ ਪਾਂਖ॥

ਚੰਦੁ ______ ਦੁਇ ਦੀਪਕ ਰਾਖੇ ______ ਘਰਿ ਸੂਰੁ ਸਮਾਇਦਾ॥

ਏਕੁ ______ ਅਲਹੁ ਮੇਰਾ॥ ਹਿੰਦੂ ______ ਦੁਹਾਂ ਨੇਬੇਰਾ॥

© ATAM PARGAS SOCIAL WELFARE COUNCIL

# ਆਤਮ ਪਰਗਾਸ ਪੁਸਤਕ ਸੀਰੀਜ਼ ਨੂੰ ਸਕੂਲ ਸਿਲੇਬਸ ਵਿੱਚ ਵਰਤਣ ਦੀ ਵਿਧੀ

| ਸ਼੍ਰੇਣੀ | ਪੁਸਤਕਾਂ | ਵਿਸ਼ਾ |
|---|---|---|
| ਨਰਸਰੀ | ਗੁਰਮੁਖੀ ਅੱਖਰ ਗਿਆਨ | ਪੰਜਾਬੀ |
| ਐੱਲ.ਕੇ.ਜੀ. | ਗੁਰਮੁਖੀ ਅੱਖਰ ਅਭਿਆਸ | ਪੰਜਾਬੀ |
| | ਪੰਜਾਬੀ ਅਭਿਆਸ ਪੁਸਤਕ (ਭਾਗ ਪਹਿਲਾ) | ਪੰਜਾਬੀ |
| ਯੂ.ਕੇ.ਜੀ. | ਪੰਜਾਬੀ ਅਭਿਆਸ ਪੁਸਤਕ (ਭਾਗ ਦੂਜਾ) | ਪੰਜਾਬੀ |
| | ਪੰਜਾਬੀ ਅਭਿਆਸ ਪੁਸਤਕ (ਭਾਗ ਤੀਜਾ) | ਪੰਜਾਬੀ |
| | Atam Pargas Art Book (Part 1) | ਡਰਾਇੰਗ |
| ਪਹਿਲੀ | ਪੰਜਾਬੀ ਅਭਿਆਸ ਪੁਸਤਕ (ਭਾਗ ਚੌਥਾ) | ਪੰਜਾਬੀ |
| | Atam Pargas Art Book (Part 2) | ਡਰਾਇੰਗ |
| | Atam Pargas Scrap Book (Part 1) | ਆਰਟਸ / ਸੋਸ਼ਲ ਸਾਇੰਸ |
| ਦੂਜੀ | Atam Pargas Scrap Book (Part 2) | ਆਰਟਸ / ਸੋਸ਼ਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਪਹਿਲਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਪਹਿਲਾ) | ਡਰਾਇੰਗ |
| ਤੀਜੀ | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਦੂਜਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਦੂਜਾ) | ਡਰਾਇੰਗ |
| ਚੌਥੀ | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਤੀਜਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਤੀਜਾ) | ਡਰਾਇੰਗ |
| ਪੰਜਵੀਂ | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਚੌਥਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਚੌਥਾ) | ਡਰਾਇੰਗ |
| ਛੇਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਪਹਿਲਾ) | ਆਰਟਸ / ਮੌਰਲ ਸਾਇੰਸ |
| | Sikh History Cards (Part 1) / ਸਿੱਖ ਇਤਿਹਾਸ ਕਾਰਡ (ਭਾਗ ਪਹਿਲਾ) | ਮੌਰਲ ਸਾਇੰਸ |
| ਸੱਤਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਦੂਜਾ) | ਆਰਟਸ / ਮੌਰਲ ਸਾਇੰਸ |
| | Sikh History Cards (Part 2) / ਸਿੱਖ ਇਤਿਹਾਸ ਕਾਰਡ (ਭਾਗ ਦੂਜਾ) | ਮੌਰਲ ਸਾਇੰਸ |
| ਅੱਠਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਤੀਜਾ) | ਆਰਟਸ / ਮੌਰਲ ਸਾਇੰਸ |
| ਨੌਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਚੌਥਾ) | ਆਰਟਸ / ਮੌਰਲ ਸਾਇੰਸ |

© ATAM PARGAS SOCIAL WELFARE COUNCIL

ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦੀਆਂ ਚਾਹਵਾਨ ਵਿੱਦਿਅਕ ਸੰਸਥਾਵਾਂ ਇਨ੍ਹਾਂ ਪੁਸਤਕਾਂ ਨੂੰ ਸਕੂਲ ਸਿਲੇਬਸ ਵਿੱਚ ਸ਼ਾਮਲ ਕਰਕੇ ਵਿਦਿਆਰਥੀਆਂ ਨੂੰ ਦੁਨਿਆਵੀ ਵਿੱਦਿਆ ਦੇਣ ਦੇ ਨਾਲ-ਨਾਲ ਉਨ੍ਹਾਂ ਅੰਦਰ ਨੈਤਿਕ, ਬੌਧਿਕ ਅਤੇ ਸੱਭਿਅਕ ਵਿਕਾਸ ਨੂੰ ਪ੍ਰਫੁੱਲਿਤ ਕਰਨ ਦੀ ਜ਼ੁੰਮੇਵਾਰੀ ਨਿਭਾ ਸਕਦੀਆਂ ਹਨ।

ਨਰਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਸਿਲੇਬਸ ਲਈ ਇੱਕ ਸੁਗਾਤ

# ਆਤਮ ਪਰਗਾਸ ਪੁਸਤਕ ਸੀਰੀਜ਼



ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦੀਆਂ ਚਾਹਵਾਨ ਵਿੱਦਿਅਕ ਸੰਸਥਾਵਾਂ ਇਨ੍ਹਾਂ ਪੁਸਤਕਾਂ ਨੂੰ ਸਕੂਲ ਸਿਲੇਬਸ ਵਿੱਚ ਸ਼ਾਮਲ ਕਰਕੇ ਵਿਦਿਆਰਥੀਆਂ ਨੂੰ ਦੁਨਿਆਵੀ ਵਿੱਦਿਆ ਦੇਣ ਦੇ ਨਾਲ-ਨਾਲ ਉਨ੍ਹਾਂ ਅੰਦਰ ਨੈਤਿਕ, ਬੌਧਿਕ ਅਤੇ ਸੱਭਿਅਕ ਵਿਕਾਸ ਨੂੰ ਪ੍ਰਫੁੱਲਿਤ ਕਰਨ ਦੀ ਜ਼ੁੰਮੇਵਾਰੀ ਨਿਭਾ ਸਕਦੀਆਂ ਹਨ।

ਇਨ੍ਹਾਂ ਪੁਸਤਕਾਂ ਨੂੰ ਪਾਠ ਪੁਸਤਕਾਂ ਵਜੋਂ ਵਰਤਣ ਦੀ ਵਿਧੀ ਅੰਦਰਲੇ ਟਾਈਟਲ ਪੰਨੇ ਤੇ ਪੜ੍ਹੋ ਜੀ।

ATAM PARGAS

ਆਤਮ ਪਰਗਾਸ ਪ੍ਰੋਡਕਸ਼ਨਸ
ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ
99, ਪ੍ਰੀਤ ਵਿਹਾਰ, ਦਾਦ, ਪੱਖੋਵਾਲ ਰੋਡ, ਲੁਧਿਆਣਾ-142 022
+91-82880-10531 / 32 / 33
atampargas@gmail.com www.atampargas.org
Follow us :

ISBN : 978-81-943757-9-1
(Set - ISBN : 978-81-943757-5-3)

₹ 85/-
US$ 4.0

© ATAM PARGAS SOCIAL WELFARE COUNCIL